# ਦੋ ਬੀਜ

ਇੱਕ ਵਾਰ ਦੋ ਬੀਜ ਆਪਿਸ ਵਿੱਚ ਗੱਲਾਂ ਕਰਦੇ ਹਨ। ਇੱਕ ਕਹਿੰਦਾ ਹੈ ਮੈਂ ਮਿੱਟੀ ਵਿੱਚ ਉੱਗਣਾ ਚਾਹੁੰਦਾ ਹਾਂ, ਵੱਡਾ ਦਰੱਖਤ ਬਣਨਾ ਚਾਹੁੰਦਾ ਹਾਂ। ਲੋਕ ਮੇਰੇ ਫ਼ਲ ਖਾਣਗੇ, ਮੇਰੀ ਛਾਂ ਹੇਠ ਬੈਠਣਗੇ। ਮੈਂ ਸਭ ਨੂੰ ਠੰਢੀ ਹਵਾ ਦੇਵਾਂਗਾ, ਪਰ ਦੂਸਰਾ ਬੀਜ ਕਹਿੰਦਾ ਹੈ ਜੇਕਰ ਮੈਂ ਮਿੱਟੀ ਵਿੱਚ ਜਾਵਾਂਗਾ, ਮੈਨੂੰ ਰੋੜੇ ਚੁੰਭਣਗੇ, ਵੱਡਾ ਹੋਣ ਤੋਂ ਬਾਅਦ ਲੋਕ ਮੇਰੀਆਂ ਟਹਿਣੀਆਂ ਤੋੜਨਗੇ। ਇੰਨੇ ਵਿੱਚ ਇੱਕ ਚੂਚਾ ਆ ਕੇ ਉਸਨੂੰ (ਦੂਸਰੇ ਬੀਜ) ਖਾ ਜਾਂਦਾ ਹੈ।

**ਸਿੱਖਿਆ**: ਹਮੇਸ਼ਾ ਚੰਗਾ ਸੋਚੋ।